# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰਜ਼।
4. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/ 71361-421
ਮਿਤੀ,ਚੰਡੀਗੜ੍ਹ 15-12-2010

ਵਿਸ਼ਾ :- ਨਾਨ ਮੈਡੀਕਲ ਅਧਿਆਪਕਾਂ ਨੂੰ ਮੈਥ ਪੜ੍ਹਾਉਣ ਦੀ ਹਦਾਇਤ ਕਰਨ ਬਾਰੇ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ ਸਮੇਂ ਤੇ ਇਹ ਦੇਖਣ ਵਿੱਚ ਆਇਆ ਹੈ ਕਿ ਸਕੂਲਾਂ ਵਿੱਚ ਕੰਮ ਕਰਦੇ ਬਹੁਤ ਸਾਰੇ ਸਾਇੰਸ ਦੇ ਅਹੁਦੇ ਤੇ ਲੱਗੇ ਅਧਿਆਪਕ ਵਿਸ਼ੇਸ਼ ਕਰਕੇ ਜੋ ਸਰਕਾਰੀ ਮਿਡਲ ਸਕੂਲਾਂ ਵਿੱਚ ਪੜ੍ਹਾ ਰਹੇ ਹਨ ਅਤੇ ਨਾਨ ਮੈਡੀਕਲ ਹਨ, ਉਹ ਸਾਇੰਸ ਦੇ ਪੀਰੀਅਡਾਂ ਨੂੰ ਹੀ ਪਹਿਲ ਦਿੰਦੇ ਹਨ ਅਤੇ ਪੀਰੀਅਡ ਪੂਰੇ ਨਾ ਹੋਣ ਦੀ ਸੂਰਤ ਵਿੱਚ ਹੀ ਮੈਥ ਵਿਸ਼ੇ ਦੇ ਪੀਰੀਅਡ ਲਾਉਂਦੇ ਹਨ। ਜਿਸ ਨਾਲ ਜਮਾਤ ਛੇਵੀਂ ਤੋਂ ਅੱਠਵੀਂ ਜਮਾਤਾਂ ਤੱਕ ਦਾ ਗਣਿਤ ਦਾ ਵਿਸ਼ਾ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ।ਜਦੋਂ ਕਿ ਸਰਕਾਰੀ ਮਿਡਲ ਸਕੂਲਾਂ ਵਿੱਚ ਕੰਮ ਕਰਦੇ ਨਾਨ ਮੈਡੀਕਲ ਅਧਿਆਪਕ ਪਾਲਿਸੀ ਅਧੀਨ ਭੇਜਿਆ ਜਾਂਦਾ ਹੈ ਕਿ ਤਾਂ ਜੋ ਉਹ ਪਹਿਲਾਂ ਮੈਥ ਵਿਸ਼ੇ ਦੇ ਪੀਰੀਅਡ ਲਾਵੇ ਅਤੇ ਜੇਕਰ ਟਾਈਮ ਟੇਬਲ ਵਿੱਚ ਪੀਰੀਅਡ ਪੂਰੇ ਨਹੀਂ ਹੁੰਦੇ ਤਾਂ ਫਿਰ ਸਾਇੰਸ ਵਿਸ਼ੇ ਦੇ ਪੀਰੀਅਡ ਲਾਵੇ।

3.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਸਰਕਾਰੀ ਮਿਡਲ ਸਕੂਲਾਂ ਵਿੱਚ ਸਾਇੰਸ ਦੇ ਮੈਡੀਕਲ ਅਧਿਆਪਕਾਂ ਨੂੰ ਵੀ ਹਦਾਇਤ ਕੀਤੀ ਜਾਵੇ ਕਿ ਉਹ ਵੀ ਪਹਿਲਾਂ

ਚਲਦਾ ਪੰਨਾ ...........

ਮੈਥ ਵਿਸ਼ੇ ਦੇ ਪੀਰੀਅਡ ਅਤੇ ਬਾਅਦ ਵਿੱਚ ਜੇਕਰ ਪੀਰੀਅਡ ਪੂਰੇ ਨਾ ਹੋਣ ਤਾਂ ਸਾਇੰਸ ਵਿਸ਼ੇ ਦੇ ਪੀਰੀਅਡ ਲੈਣ ਕਿਉਂਕਿ ਬੀ.ਐਸ.ਸੀ.ਮੈਡੀਕਲ ਅਧਿਆਪਕ ਨੇ ਵੀ ਬਾਰ੍ਹਵੀਂ ਜਮਾਤ ਜਾਂ ਸੀਨੀਅਰ ਸੈਕੰਡਰੀ ਸਕੂਲ ਪੱਧਰ ਤੱਕ ਫਿਜ਼ਿਕਸ, ਕੈਮਿਸਟਰੀ ਦਾ ਅਧਿਐਨ ਕੀਤਾ ਹੁੰਦਾ ਹੈ ਅਤੇ ਉਹ ਅਧਿਆਪਕ ਥੋੜ੍ਹੀ ਮਿਹਨਤ ਕਰਕੇ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤਾਂ ਦਾ ਗਣਿਤ ਵਿਸ਼ਾ ਪੜ੍ਹਾਉਣ ਦੇ ਯੋਗ ਹੋ ਜਾਂਦਾ ਹੈ।

4.0 ਆਪ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਸਮੇਂ ਸਮੇਂ ਤੇ ਸਿੱਖਿਆ ਵਿਭਾਗ ਵੱਲੋਂ ਵੀ ਇਨ੍ਹਾਂ ਸਾਇੰਸ ਅਧਿਆਪਕਾਂ ਦਾ ਗਣਿਤ ਵਿਸ਼ੇ ਦਾ ਸਪੈਸ਼ਲ ਸੈਮੀਨਾਰ ਵੀ ਲਗਾਇਆ ਜਾਂਦਾ ਹੈ।

5.0 ਸਮੂਹ ਸਕੂਲ ਮੁੱਖੀਆਂ ਅਤੇ ਸਬੰਧਤ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਵੇ ਕਿ ਮਿਡਲ ਸਕੂਲਾਂ ਵਿੱਚ ਕੰਮ ਕਰਦੇ ਸਾਰੇ ਸਾਇੰਸ ਅਧਿਆਪਕ ਚਾਹੇ ਮੈਡੀਕਲ ਜਾਂ ਨਾਨ ਮੈਡੀਕਲ ਦੇ ਹਨ, ਪਹਿਲਾਂ ਗਣਿਤ ਵਿਸ਼ੇ ਦੇ ਪੀਰੀਅਡ ਲੈਣ ਅਤੇ ਬਾਅਦ ਵਿੱਚ ਸਾਇੰਸ ਵਿਸ਼ੇ ਦੇ ਪੀਰੀਅਡ ਲੈਣ।

6.0 ਉਪਰੋਕਤ ਹਦਾਇਤ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ